# 6th Meeting of the BRICS Counter Terrorism Working Group

July 30, 2021

## BRICS ਅੱਤਵਾਦ-ਰੋਧੀ ਕਾਰਜ ਦਲ ਸਮੂਹ ਦੀ 6ਵੀਂ ਬੈਠਕ

30 ਜੁਲਾਈ, 2021

BRICS ਅੱਤਵਾਦ-ਰੋਧੀ ਕਾਰਜ ਦਲ ਸਮੂਹ ਦੀ 6ਵੀਂ ਬੈਠਕ 28-29 ਜੁਲਾਈ 2021 ਨੂੰ ਭਾਰਤ ਦੀ ਪ੍ਰਧਾਨਗੀ ਹੇਠ ਵਰਚੁਅਲ ਮਾਧਿਅਮ ਰਾਹੀਂ ਹੋਈ। ਵਿਦੇਸ਼ ਵਿਭਾਗ ਦੇ ਸੰਯੁਕਤ ਸਕੱਤਰ (ਅੱਤਵਾਦ-ਰੋਧ) ਮਹਾਵੀਰ ਸਿੰਘਵੀ ਨੇ ਇਸ ਬੈਠਕ ਦੀ ਪ੍ਰਧਾਨਗੀ ਕੀਤੀ। ਸਾਰੇ BRICS ਦੇਸ਼ਾਂ ਦੇ ਸੀਨੀਅਰ ਅੱਤਵਾਦ-ਰੋਧ ਅਧਿਕਾਰੀਆਂ ਨੇ ਬੈਠਕ ਵਿੱਚ ਹਿੱਸਾ ਲਿਆ।

ਕਾਰਜ ਸਮੂਹ ਦੀ ਬੈਠਕ ਦਾ ਮੁੱਖ ਨਤੀਜਾ BRICS ਨੇਤਾਵਾਂ ਦੁਆਰਾ 2020 ਵਿੱਚ ਅਪਣਾਈ ਗਈ BRICS ਅੱਤਵਾਦ - ਰੋਧੀ ਰਣਨੀਤੀ ਨੂੰ ਲਾਗੂ ਕਰਨ ਲਈ ਵਿਸ਼ੇਸ਼ ਉਪਾਵਾਂ ਵਾਲੇ BRICS ਅੱਤਵਾਦ - ਰੋਧੀ ਕਾਰਜ ਯੋਜਨਾ ਨੂੰ ਅੰਤਿਮ ਰੂਪ ਦੇਣਾ ਸੀ। ਇਸ ਕਾਰਜ ਯੋਜਨਾ ਦਾ ਮੁੱਖ ਉਦੇਸ਼ ਅੱਤਵਾਦ, ਕੱਟੜਵਾਦ, ਅੱਤਵਾਦ ਦੇ ਵਿੱਤ ਪੋਸ਼ਣ, ਅੱਤਵਾਦੀਆਂ ਦੁਆਰਾ ਇੰਟਰਨੈਟ ਦੀ ਦੁਰਵਰਤੋਂ ਨੂੰ ਰੋਕਣਾ ਅਤੇ ਇਸ ਦਾ ਮੁਕਾਬਲਾ ਕਰਨਾ, ਅੱਤਵਾਦੀਆਂ ਦੀ ਯਾਤਰਾ 'ਤੇ ਰੋਕ, ਸਰਹੱਦ ਕੰਟਰੋਲ, ਸੌਖੇ ਸ਼ਿਕਾਰਾਂ ਦੀ ਰੱਖਿਆ, ਜਾਣਕਾਰੀ ਸਾਂਝੀ ਕਰਨਾ, ਸਮਰੱਥਾ ਨਿਰਮਾਣ, ਅੰਤਰਰਾਸ਼ਟਰੀ ਅਤੇ ਖੇਤਰੀ ਸਹਿਯੋਗ ਹੈ।

BRICS ਅੱਤਵਾਦ - ਰੋਧੀ ਕਾਰਜ ਯੋਜਨਾ ਭਾਰਤ ਵੱਲੋਂ BRICS ਦੀ ਪ੍ਰਧਾਨਗੀ ਦੌਰਾਨ ਦਿੱਤਾ ਗਿਆ ਪ੍ਰਮੁੱਖ ਨਤੀਜਾ ਹੈ ਅਤੇ ਇਸਨੂੰ ਅਗਲੇ ਮਹੀਨੇ BRICS ਰਾਸ਼ਟਰੀ ਸੁਰੱਖਿਆ ਸਲਾਹਕਾਰਾਂ ਦੀ ਬੈਠਕ ਵਿੱਚ ਅਪਣਾਇਆ ਜਾਵੇਗਾ।

ਕਾਰਜ ਦਲ ਸਮੂਹ ਦੀ ਬੈਠਕ ਦੌਰਾਨ ਜਦੋਂ ਵੀ, ਜਿੱਥੇ ਵੀ ਅਤੇ ਜਿਸ ਦੁਆਰਾ ਵੀ ਕੀਤੇ ਗਏ ਅੱਤਵਾਦ ਦੇ ਸਾਰੇ ਰੂਪਾਂ ਅਤੇ ਪ੍ਰਗਟਾਵਿਆਂ ਦੀ ਨਿਖੇਧੀ ਕਰਦੇ ਹੋਏ BRICS ਦੇਸ਼ਾਂ ਨੇ ਰਾਸ਼ਟਰੀ, ਖੇਤਰੀ ਅਤੇ ਵਿਸ਼ਵ ਪੱਧਰ 'ਤੇ ਅੱਤਵਾਦ ਦੇ ਖਤਰੇ ਦੇ ਮੁਲਾਂਕਣ ਬਾਰੇ ਵਿਚਾਰ - ਵਟਾਂਦਰਾ ਕੀਤਾ ਅਤੇ ਅੱਤਵਾਦ-ਰੋਧੀ ਸਹਿਯੋਗ ਨੂੰ ਕਾਰਜ ਯੋਜਨਾ ਰਾਹੀਂ ਅੱਗੇ ਲਿਜਾਉਣ ਦਾ ਸੰਕਲਪ ਲਿਆ।

BRICS ਅੱਤਵਾਦ - ਰੋਧੀ ਕਾਰਜ ਦਲ ਸਮੂਹ ਦੀ ਬੈਠਕ ਤੋਂ ਪਹਿਲਾਂ 26-27 ਜੁਲਾਈ 2021 ਨੂੰ ਅੱਤਵਾਦ ਦੇ ਉਦੇਸ਼ ਲਈ ਇੰਟਰਨੈਟ ਦੀ ਦੁਰਵਰਤੋਂ, ਕੱਟੜਪੰਥੀ ਨੂੰ ਖਤਮ ਕਰਨ, ਅੱਤਵਾਦੀ ਵਿੱਤ ਪੋਸ਼ਣ ਦਾ ਮੁਕਾਬਲਾ, ਸਮਰੱਥਾ ਨਿਰਮਾਣ ਅਤੇ ਵਿਦੇਸ਼ੀ ਅੱਤਵਾਦੀ ਲੜਾਕਿਆਂ ਨਾਲ ਨਜਿੱਠਣ ਬਾਰੇ ਪੰਜ ਵਿਸ਼ੇਵਰ ਉਪ-ਕਾਰਜਕਾਰੀ ਸਮੂਹਾਂ ਦੀ ਵਰਚੁਅਲ ਬੈਠਕਾਂ ਹੋਈਆਂ।

ਨਵੀਂ ਦਿੱਲੀ
30 ਜੁਲਾਈ, 2021

DISCLAIMER: This is an approximate translation. The original is available in English on MEA's website and may be referred to as the official press release.